# ਕੀ ਬਿਨਾਂ ਖੁਸ਼ਖ਼ਬਰੀ ਸੁਣੇ ਮਰਨ ਵਾਲਾ ਇਨਸਾਨ ਦੋਸ਼ੀ ਠਹਿਰਦਾ ਹੈ?

ਫਰੈਂਕਲਿਨ ਦੇ ਨੋਟਸ

ਪ੍ਰਸ਼ਨ ਇਹ ਪੁੱਛਿਆ ਗਿਆ: ਪਰਮੇਸ਼ਰ ਸਾਡੇ ਉਨ੍ਹਾਂ ਪੁਰਖਿਆਂ, ਜਾਂ ਉਨ੍ਹਾਂ ਛੋਟੇ ਬੱਚਿਆਂ ਦਾ ਨਿਆਂ ਕਿਵੇਂ ਕਰੇਗਾ ਜਿਨ੍ਹਾਂ ਨੂੰ ਖੁਸ਼ਖ਼ਬਰੀ ਸੁਣਨ ਅਤੇ ਯਿਸੂ ਨੂੰ ਗ੍ਰਹਿਣ ਕਰਨ ਦਾ ਬਿਲਕੁਲ ਵੀ ਮੌਕਾ ਨਹੀਂ ਮਿਲਿਆ, ਕੀ ਉਹ ਸਵਰਗ ਜਾਣਗੇ?

ਇਹ ਬਹੁਤ ਹੀ ਔਖਾ ਪ੍ਰਸ਼ਨ ਹੈ ਅਤੇ ਜਿਨ੍ਹਾਂ ਥਿਓਲੋਜੀ ਦੀ ਪੜ੍ਹਾਈ ਕੀਤੀ ਹੈ ਉਹ ਇਸ ਦੇ ਵੱਖ-ਵੱਖ ਉੱਤਰ ਦਿੰਦੇ ਹਨ। ਮੇਰਾ ਉੱਤਰ ਇਹ ਹੈ।

I. ਪ੍ਰਭੂ ਪਰਮੇਸ਼ਰ ਨੇ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ **ਆਪਣੇ ਪਰਿਵਾਰ ਨੂੰ ਚੁਣ ਲਿਆ** ਅਤੇ ਉਨ੍ਹਾਂ ਦੇ ਨਾਮ “ਜੀਵਨ ਦੀ ਪੁਸਤਕ” ਵਿੱਚ ਲਿਖ ਦਿੱਤੇ।

ਅਫ਼ਸੀਆਂ 1:3-6 ਮੁਬਾਰਕ *ਹੋਵੇ* ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਮਸੀਹ ਵਿੱਚ ਸੁਰਗੀ *ਥਾਵਾਂ* ਵਿੱਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ, [4] ਜਿਵੇਂ **ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ** ਭਈ ਅਸੀਂ ਉਹ ਦੇ ਸਨਮੁਖ **ਪ੍ਰੇਮ ਵਿੱਚ** ਪਵਿੱਤਰ ਅਤੇ ਨਿਰਮਲ ਹੋਈਏ। [5] ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ **ਪੁੱਤ੍ਰ** ਹੋਣ ਨੂੰ **ਅੱਗੋਂ ਹੀ ਠਹਿਰਾਇਆ**

ਫਿਲਿੱਪੀਆਂ 4:3 . . . ਇਹ ਤੀਵੀਆਂ . . . ਕਲੈਮੰਸ ਅਤੇ ਹੋਰਨਾਂ ਮੇਰੇ **ਨਾਲ ਦੇ ਕੰਮ ਕਰਨ ਵਾਲਿਆਂ** ਸਣੇ, ਜਿਨ੍ਹਾਂ ਦੇ **ਨਾਉਂ ਜੀਵਨ ਦੀ ਪੁਸਤਕ ਵਿੱਚ ਲਿਖੇ ਹੋਏ ਹਨ**।

ਲੂਕਾ 10:20 ਪਰ ਇਸ ਤੋਂ ਅਨੰਦ ਨਾ ਹੋਵੇ ਕਿ ਰੂਹਾਂ ਤੁਹਾਡੇ ਵੱਸ ਵਿੱਚ ਹਨ ਪਰ ਇਸ ਤੋਂ **ਅਨੰਦ ਹੋਵੇ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ**।

ਪਰਕਾਸ਼ ਦੀ ਪੋਥੀ 3:5 ਜਿਹੜਾ **ਜਿੱਤਣ ਵਾਲਾ** ਹੈ ਉਹ ਨੂੰ ਇਸੇ ਪਰਕਾਰ ਚਿੱਟੇ ਬਸਤਰ ਪਹਿਨਾਏ ਜਾਣਗੇ ਅਤੇ **ਮੈਂ ਉਹ ਦਾ ਨਾਉਂ ਜੀਵਨ ਦੀ ਪੋਥੀ ਵਿੱਚੋਂ ਕਦੇ ਨਾ ਮੇਟਾਂਗਾ** ਸਗੋਂ ਮੈਂ ਆਪਣੇ ਪਿਤਾ ਦੇ ਅੱਗੇ ਅਤੇ ਓਸ ਦਿਆਂ ਦੂਤਾਂ ਦੇ ਅੱਗੇ ਉਹ ਦੇ ਨਾਉਂ ਦਾ ਕਰਾਰ ਕਰਾਂਗਾ।

- ਇਬਰਾਨੀਆਂ 9:12 ਸਦੀਪਕ ਨਿਸਤਾਰਾ / 5:9 ਸਦਾ ਦੀ ਗਤੀ / 9:15 ਸਦੀਪ ਕਾਲ ਦਾ ਵਿਰਸਾ

- ਕੋਈ ਵਿਅਕਤੀ ਉਦੋਂ **ਜਿੱਤ ਪਾਉਂਦਾ ਹੈ** ਜਦੋਂ ਉਹ **ਪਰਮੇਸ਼ਰ ਤੋਂ ਜਨਮ ਲੈਂਦਾ** ਹੈ (1ਯੂਹੰਨਾ5:4) ਅਤੇ ਉਸ ਦਾ ਨਾਮ **ਜੀਵਨ ਦੀ ਪੁਸਤਕ ਵਿੱਚੋਂ** ਕਦੇ ਮੇਟਿਆ ਨਾ ਜਾਵੇਗਾ।

- (**ਪਰਮੇਸ਼ਰ ਤੋਂ ਜਨਮਿਆ** γεννάω ਗੇਨਾ/ਹੋਅ (ਗੇ-ਨਾ-ਹੋਅ) ਜਨਮਾਉਣਾ (ਸਹੀ ਢੰਗ ਨਾਲ, ਪਿਤਾ ਤੋਂ, ਪਰ ਮਾਂ ਦੇ ਰਾਹੀਂ); ਪ੍ਰਤੀਕਾਤਮਕ ਰੂਪ ਵਿੱਚ, ਮੁੜ-ਪੈਦਾ ਕਰਨਾ: (ਯੂਨਾਨੀ-ਇਬਰਾਨੀ ਸ਼ਬਦਕੋਸ਼); ਇਹੋ ਸ਼ਬਦ ਇਨ੍ਹਾਂ ਸਾਰੀਆਂ ਆਇਤਾਂ ਵਿੱਚ ਵੀ ਹੈ: ਯੂਹੰਨਾ 1:13, 3:3; 1 ਯੂਹੰਨਾ 2:29; 5:1, 18 ਅਤੇ ਇਹ **ਪਹਿਲੀ ਜਾਂ ਸੁਭਾਵਕ ਮੌਤ** ਦਾ ਹਵਾਲਾ ਹੈ।

- ਉਹ ਜਿਨ੍ਹਾਂ ਦੇ ਨਾਮ **ਜੀਵਨ ਦੀ ਪੁਸਤਕ** ਵਿੱਚ **ਲਿਖੇ ਹੋਏ ਨਹੀਂ** ਸਨ
  - "ਦਰਿੰਦੇ ਨੂੰ ਮੱਥਾ ਟੇਕਣਗੇ"। ਪਰਕਾਸ਼ ਦੀ ਪੋਥੀ 13:8; 17:8.
  - "ਅੱਗ ਦੀ ਝੀਲ ਵਿੱਚ ਸੁੱਟਿਆ" ਜਾਵੇਗਾ। ਪਰਕਾਸ਼ ਦੀ ਪੋਥੀ 20:15
  - ਨਵਾਂ ਯਰੂਸ਼ਲਮ: **ਕੋਈ ਵੀ** . . . ਓਸ ਵਿੱਚ ਕਦੇ ਨਾ ਵੜੇਗਾ, ਪਰ **ਨਿਰੇ ਓਹ ਜਿਹੜੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ।** ਪਰਕਾਸ਼ ਦੀ ਪੋਥੀ 21:27

II. ਅਤੇ ਆਪਣੇ ਬੱਚਿਆਂ ਨੂੰ ਨਿਸਤਾਰਾ ਦੇਣ ਅਤੇ ਉਨ੍ਹਾਂ ਦੇ ਪਾਪਾਂ ਨੂੰ ਮਾਫ਼ ਕਰਨ ਲਈ . . . ਯਿਸੂ ਮਸੀਹ ਨੇ ਸਲੀਬ ਉੱਤੇ ਵਹਾਏ ਆਪਣੇ ਲਹੂ ਦੁਆਰਾ ਪਾਪ ਦਾ ਨਿਆਂ ਕਰਨ ਦੀਆਂ ਪਵਿੱਤਰ ਪਰਮੇਸ਼ਰ ਦੀਆਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਕਰ ਦਿੱਤਾ।

ਇਬਰਾਨੀਆਂ 9:24-27 ਕਿਉਂ ਜੋ ਮਸੀਹ ਹੱਥਾਂ ਦੇ ਬਣਾਏ ਹੋਏ ਪਵਿੱਤਰ ਅਸਥਾਨ ਵਿੱਚ ਜਿਹੜਾ ਅਸਲ ਦੀ ਨਕਲ ਹੈ ਨਹੀਂ ਗਿਆ ਸਗੋਂ ਸੁਰਗ ਵਿੱਚ ਹੀ ਗਿਆ ਭਈ ਹੁਣ **ਸਾਡੇ** ਲਈ (ਜੋ ਉਸ ਦੇ ਹਨ) **ਪਰਮੇਸ਼ੁਰ ਦੇ ਸਨਮੁਖ ਪੇਸ਼ ਹੋਵੇ** . . . ਪਰ ਹੁਣ ਜੁੱਗਾਂ ਦੇ ਅੰਤ ਵਿੱਚ **ਉਹ ਇੱਕੋ ਵਾਰ ਪਰਗਟ ਹੋਇਆ ਹੈ ਭਈ ਆਪਣੇ ਆਪ ਦੇ ਬਲੀਦਾਨ ਕਰਨ ਨਾਲ ਪਾਪ ਨੂੰ ਦੂਰ ਕਰੇ।**

ਇਬਰਾਨੀਆਂ 2:14 ਸੋ ਜਦ **ਬਾਲਕ** ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਗੂੰ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ, . . . [17] ਇਸ ਕਾਰਨ ਚਾਹੀਦਾ ਸੀ ਭਈ ਸਭਨੀ ਗੱਲੀਂ **ਉਹ ਆਪਣੇ ਭਾਈਆਂ ਵਰਗਾ ਬਣੇ**

ਤਾਂ ਜੋ **ਉਹ** ਉਨ੍ਹਾਂ ਗੱਲਾਂ ਦੇ ਵਿਖੇ ਜਿਹੜੀਆਂ ਪਰਮੇਸ਼ੁਰ ਨਾਲ ਸਰਬੰਧ ਰੱਖਦੀਆਂ ਹਨ ਲੋਕਾਂ ਦੇ ਪਾਪਾਂ ਦਾ **ਪਰਾਸਚਿਤ ਕਰਨ** (ਲੋੜੀਂਦਾ ਬਲੀਦਾਨ) ਨੂੰ ਦਿਆਲੂ ਅਤੇ ਮਾਤਬਰ ਪਰਧਾਨ ਜਾਜਕ ਹੋਵੇ।

ਪ੍ਰਭੂ – ਇਹ ਜਾਣਦਾ ਹੈ ਕਿ ਕੌਣ ਉਸ ਦੇ ਹਨ – ਜੋ ਵਿਸ਼ਵਾਸ ਕਰਨਗੇ – ਜਾਂ ਜੇਕਰ ਉਨ੍ਹਾਂ ਖੁਸ਼ਖ਼ਬਰੀ ਸੁਣੀ ਹੁੰਦੀ ਤਾਂ ਉਹ ਵਿਸ਼ਵਾਸ ਕਰ ਲੈਂਦੇ – **ਯਿਸੂ ਮਸੀਹ ਦੇ ਲਹੂ ਨੇ ਉਨ੍ਹਾਂ ਦੇ ਪਾਪ ਨੂੰ ਮਾਫ਼ ਕਰ ਦਿੱਤਾ ਹੈ। ਉਹ ਸਵਰਗ ਵਿੱਚ ਹੋਣਗੇ**।

III. ਉਸ ਨੇ (1) ਉਨ੍ਹਾਂ ਦੇ ਨਾਮ ਜੀਵਨ ਦੀ ਪੁਸਤਕ ਵਿੱਚ ਲਿਖ ਦਿੱਤੇ ਹਨ ਅਤੇ (2) ਆਪਣੇ ਪੁੱਤਰ ਨੂੰ ਭੇਜਿਆ ਕਿ ਉਹ **ਆਪਣੇ** ਵਹਾਏ ਹੋਏ ਲਹੂ ਦੁਆਰਾ ਉਸ ਦੇ ਬੱਚਿਆਂ ਨੂੰ ਛੁਡਾਵੇ, ਇਸ ਲਈ ਉਹ **ਸਰਵਸ਼ਕਤੀਮਾਨ** ਪ੍ਰਭੂ ਪਰਮੇਸ਼ਰ ਕਦੇ **ਨਾਕਾਮ ਨਹੀਂ ਹੋਵੇਗਾ**।

ਪ੍ਰਭੂ ਦੀ ਇੱਛਾ **ਜ਼ਰੂਰ ਪੂਰੀ ਹੋਵੇਗੀ**, ਭਾਵੇਂ ਕੋਈ ਜਣਾ ਜਾਂ ਕੁਝ ਲੋਕ ਖੁਸ਼ਖ਼ਬਰੀ ਸੁਣੇ ਬਿਨਾਂ ਮਰ ਜਾਂਦੇ ਹਨ।

2 ਤਿਮੋਥਿਉਸ 2:19 ਤਾਂ ਵੀ, **ਪਰਮੇਸ਼ੁਰ ਦੀ ਧਰੀ ਹੋਈ ਪੱਕੀ ਨੀਂਹ ਅਟੱਲ ਰਹਿੰਦੀ ਹੈ** ਜਿਹ ਦੇ ਉੱਤੇ ਇਹ **ਮੋਹਰ** ਲੱਗੀ ਹੋਈ ਹੈ ਭਈ **ਪ੍ਰਭੁ ਆਪਣਿਆਂ ਨੂੰ ਜਾਣਦਾ ਹੈ**

ਜੋ **ਉਸ ਦੇ ਹਨ** – ਜਿਨ੍ਹਾਂ ਦੇ ਨਾਮ "ਜੀਵਨ ਦੀ ਪੁਸਤਕ" ਵਿੱਚ ਲਿਖੇ ਹੋਏ ਹਨ – ਜੋ ਬਿਨਾਂ ਖੁਸ਼ਖ਼ਬਰੀ ਸੁਣੇ ਮਰ ਗਏ – ਉਹ ਸੁਣਨਗੇ ਅਤੇ ਵਿਸ਼ਵਾਸ ਕਰਨਗੇ ਅਤੇ ਬਚਾਏ ਜਾਣਗੇ, ਜਿਵੇਂ ਕਿ ਇਨ੍ਹਾਂ ਅਗਲੀਆਂ ਆਇਤਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਭੂ ਆਪਣੇ ਬੱਚਿਆਂ ਲਈ ਕਿਸ ਹੱਦ ਤਕ ਜਾਵੇਗਾ।

1 ਪਤਰਸ 3:18-19 ਕਿਉਂ ਜੋ ਮਸੀਹ ਨੇ ਭੀ ਇੱਕ ਵਾਰ ਪਾਪਾਂ ਦੇ ਪਿੱਛੇ **ਦੁਖ ਝੱਲਿਆ** ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ **ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ**। ਉਹ ਤਾਂ ਸਰੀਰ ਕਰਕੇ ਮਾਰਿਆ ਗਿਆ ਪਰ ਆਤਮਾ ਕਰਕੇ ਜਿਵਾਲਿਆ ਗਿਆ; [19] ਜਿਹ ਦੇ ਵਿੱਚ ਹੋ ਕੇ **ਉਹ ਨੇ ਉਨ੍ਹਾਂ ਆਤਮਿਆਂ ਦੇ ਕੋਲ ਜਿਹੜੇ ਕੈਦ ਵਿੱਚ ਸਨ ਜਾ ਕੇ ਮਨਾਦੀ ਕੀਤੀ**

1 ਪਤਰਸ 4:6 ਕਿਉਂ ਜੋ **ਮੁਰਦਿਆਂ ਨੂੰ** ਵੀ **ਇੰਜੀਲ** ਇਸੇ ਲਈ **ਸੁਣਾਈ ਗਈ** ਭਈ ਸਰੀਰ ਕਰਕੇ ਉਨ੍ਹਾਂ ਦਾ ਨਿਆਉਂ ਤਾਂ ਮਨੁੱਖਾਂ ਦੇ ਅਨੁਸਾਰ ਹੋਵੇ ਪਰ **ਆਤਮਾ ਕਰਕੇ ਓਹ ਪਰਮੇਸ਼ੁਰ ਵਾਗੂੰ ਜੀਉਂਦੇ ਰਹਿਣ**।

ਇਸ ਤੋਂ ਮੈਨੂੰ ਯਕੀਨ ਹੋ ਜਾਂਦਾ ਹੈ ਕਿ **ਜਿਹੜੇ ਉਸ ਦੇ ਹਨ**, ਜਿਨ੍ਹਾਂ ਕੋਲ ਖੁਸ਼ਖ਼ਬਰੀ ਸੁਣਨ ਦਾ ਮੌਕਾ ਨਹੀਂ ਹੈ, ਉਨ੍ਹਾਂ ਨੂੰ ਉਸ ਗੱਲ ਲਈ **ਦੋਸ਼ੀ ਨਹੀਂ ਠਹਿਰਾਇਆ ਜਾਵੇਗਾ** ਜਿਨ੍ਹਾਂ ਉੱਤੇ ਉਨ੍ਹਾਂ ਦਾ ਕੋਈ ਕੰਟਰੋਲ ਹੀ ਨਹੀਂ ਸੀ।

IV. ਪ੍ਰਭੂ ਦੀ ਇੱਛਾ ਪੂਰੀ ਹੋਵੇਗੀ:

ਉਹ ਇਸ ਕਰਕੇ ਨਿਰਾਸ਼ ਨਹੀਂ ਹੋਵੇਗਾ ਅਤੇ ਰੋਵੇਗਾ ਨਹੀਂ ਜਾਂ ਆਪਣੇ ਹੱਥ ਨਹੀਂ ਮਲੇਗਾ ਕਿ ਉਸ ਦਾ ਇੱਕ ਬੱਚਾ ਸਵਰਗ ਨਹੀਂ ਪਹੁੰਚ ਸਕਿਆ।

ਯੂਹੰਨਾ 18:9 **ਭਈ ਉਹ ਬਚਨ ਜੋ ਉਸ ਨੇ ਕਿਹਾ ਸੀ ਪੂਰਾ ਹੋਵੇ ਕਿ "ਜਿਹੜੇ ਤੈਂ ਮੈਨੂੰ ਦਿੱਤੇ ਹਨ ਉਨ੍ਹਾਂ ਵਿੱਚੋਂ ਮੈਂ ਇੱਕ ਵੀ ਨਹੀਂ ਗੁਆਇਆ।**

ਯਸਾਯਾਹ 14:24 ਸੈਨਾਂ ਦੇ ਯਹੋਵਾਹ ਨੇ **ਸੌਂਹ ਖਾਧੀ** ਕਿ, "ਨਿਸੰਗ **ਜਿਵੇਂ ਮੈਂ ਠਾਣਿਆ, ਤਿਵੇਂ ਹੋ ਜਾਵੇਗਾ**, ਅਤੇ **ਜਿਵੇਂ ਮੈਂ ਮਤਾ ਮਤਾਇਆ, ਤਿਵੇਂ ਉਹ ਕਾਇਮ ਰਹੇਗਾ**

ਯਸਾਯਾਹ 46:9-11 ਪੁਰਾਣੇ ਸਮੇਂ ਦੀਆਂ ਪਹਿਲੀਆਂ ਗੱਲਾਂ ਨੂੰ ਚੇਤੇ ਰੱਖੋ, ਕਿਉਂ ਜੋ **ਮੈਂ ਪਰਮੇਸ਼ੁਰ ਹਾਂ** ਤੇ ਹੋਰ ਕੋਈ ਨਹੀਂ, ਪਰਮੇਸ਼ੁਰ, ਅਤੇ ਮੇਰੇ ਵਰਗਾ ਕੋਈ ਨਹੀਂ, [10] **ਮੈਂ ਆਦ ਤੋਂ ਅੰਤ ਨੂੰ,** ਅਤੇ ਮੁੱਢ ਤੋਂ ਜੋ ਅਜੇ ਨਹੀਂ ਹੋਇਆ ਦੱਸਦਾ ਹਾਂ, ਮੈਂ ਆਖਦਾ ਹਾਂ, **ਮੇਰੀ ਸਲਾਹ ਕਾਇਮ ਰਹੇਗੀ,** ਅਤੇ **ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ**; [11] . . . **ਹਾਂ, ਮੈਂ ਬੋਲਿਆ ਸੋ ਮੈਂ ਨਿਭਾਵਾਂਗਾ; ਮੈਂ ਠਾਣਿਆ ਸੋ ਮੈਂ ਪੂਰਾ ਕਰਾਂਗਾ।**

ਯਸਾਯਾਹ 55:11 ਤਿਵੇਂ **ਮੇਰਾ ਬਚਨ** ਹੋਵੇਗਾ ਜੋ ਮੇਰੇ ਮੂੰਹੋਂ ਨਿੱਕਲਦਾ ਹੈ, **ਉਹ ਮੇਰੀ ਵੱਲ ਅਵਿਰਥਾ ਨਹੀਂ ਮੁੜੇਗਾ, ਪਰ ਜੋ ਮੈਂ ਠਾਣਿਆ ਉਸ ਨੂੰ ਪੂਰਾ ਕਰੇਗਾ**, ਅਤੇ **ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਏਗਾ**।

ਜ਼ਬੂਰ 33:11 **ਯਹੋਵਾਹ ਦੀ ਸਲਾਹ ਸਦਾ ਅਟੱਲ ਰਹਿੰਦੀ ਹੈ,** ਅਤੇ ਉਸ ਦੇ ਮਨ ਦੀਆਂ ਸੋਚਾਂ ਪੀੜ੍ਹੀਓਂ ਪੀੜ੍ਹੀ।

ਯੂਹੰਨਾ 6:39 ਜਿਹ ਨੇ ਮੈਨੂੰ ਘੱਲਿਆ **ਉਹ ਦੀ ਇਹ ਮਰਜ਼ੀ ਹੈ** ਭਈ **ਸਭ ਕੁਝ ਜੋ ਉਹ ਨੇ ਮੈਨੂੰ ਦਿੱਤਾ ਹੈ ਉਸ ਵਿੱਚੋਂ ਮੈਂ ਕੁਝ ਨਾ ਗੁਆਵਾਂ** ਸਗੋਂ ਉਸ ਨੂੰ ਅੰਤ ਦੇ ਦਿਨ ਜੀਉਂਦਾ ਉਠਾਵਾਂ।

ਅਫ਼ਸੀਆਂ 1:11 **ਅਸੀਂ** ਵੀ (ਜਿਨ੍ਹਾਂ ਨੂੰ ਉਸ ਨੇ ਚੁਣਿਆ ਆਇਤ.4) **ਉਹ ਦੀ ਧਾਰਨਾ** ਮੂਜਬ ਜਿਹੜਾ **ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ** ਜਾ ਕੇ **ਅਧਕਾਰ ਬਣ ਗਏ**

ਯਾਕੂਬ 1:18 ਉਹ ਨੇ **ਆਪਣੀ ਹੀ ਮਨਸ਼ਾ** ਤੋਂ **ਸਾਨੂੰ** ਸਚਿਆਈ ਦੇ ਬਚਨ ਨਾਲ **ਜਨਮ ਦਿੱਤਾ** ਭਈ ਅਸੀਂ ਉਹ ਦੀਆਂ ਰਚਨਾਂ ਵਿੱਚੋਂ ਪਹਿਲੇ ਫਲ ਜੇਹੇ ਹੋਈਏ।

ਯਹੂਦਾਹ 24 ਹੁਣ ਜਿਹੜਾ ਸਮਰੱਥ ਹੈ ਜੋ ਤੁਹਾਨੂੰ ਠੇਡੇ ਖਾਣ ਤੋਂ **ਬਚਾ ਸੱਕਦਾ** ਅਤੇ **ਤੁਹਾਨੂੰ ਆਪਣੀ ਮਹਿਮਾ ਦੇ ਸਨਮੁਖ** ਅਨੰਦ ਸਹਿਤ **ਨਿਰਮਲ ਖੜਾ ਕਰ ਸੱਕਦਾ ਹੈ**, [25] **ਓਸੇ ਦੀ** ਅਰਥਾਤ ਓਸ ਅਦੁੱਤੀ ਪਰਮੇਸ਼ੁਰ ਦੀ ਜੋ ਸਾਡਾ ਮੁਕਤੀ ਦਾਤਾ ਹੈ ਸਾਡੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਸਭਨਾਂ ਜੁੱਗਾਂ ਤੋਂ ਪਹਿਲਾਂ ਅਤੇ ਹੁਣ ਵੀ ਅਤੇ ਸਭਨਾਂ **1**ਜੁੱਗਾਂ ਤੀਕੁਰ ਮਹਿਮਾ, ਪਰਾਕ੍ਰਮ, ਮਹਾਨਤਾ ਅਤੇ ਇਖ਼ਤਿਆਰ ਹੋਵੇ।

ਜੇਕਰ ਕੋਈ ਇਸ ਸਿੱਖਿਆ ਦਾ ਇਸਤੇਮਾਲ ਕਰਕੇ ਇਹ ਆਖਦਾ ਹੈ "ਫਿਰ ਤਾਂ, ਮੈਂ ਜੋ ਚਾਹਾਂ ਕਰ ਸਕਦਾ ਹਾਂ ਕਿਉਂਕਿ ਮੇਰਾ ਪਾਪ ਤਾਂ ਮਾਫ਼ ਹੋ ਹੀ ਗਿਆ ਹੈ ਅਤੇ ਮੈਂ ਸਵਰਗ ਹੀ ਜਾਵਾਂਗਾ।"

ਤਦ ਇਹ ਦੋ ਕੰਮ ਹੋ ਸਕਦੇ ਹਨ:

1. ਉਹ **ਚੁਣਿਆ ਹੋਇਆ ਹੈ** ਅਤੇ ਪਰਮੇਸ਼ਰ ਦੇ ਬੱਚਿਆਂ ਵਿੱਚੋਂ ਇੱਕ ਹੈ ਪਰ ਉਸ ਨੂੰ ਪਰਮੇਸ਼ਰ ਦੇ ਰਾਹਾਂ ਦੀ ਅਤੇ ਜੋ ਪਰਮੇਸ਼ਰ ਨੇ ਉਸ ਲਈ ਕੀਤਾ ਹੈ ਉਸ ਦੀ **ਬਹੁਤ ਥੋੜੀ ਜਾਂ ਬਿਲਕੁਲ ਵੀ ਸਮਝ ਨਹੀਂ** ਹੈ। ਇਸ ਕਰਕੇ **ਪਰਮੇਸ਼ਰ ਲਈ ਉਸ ਦਾ ਪ੍ਰੇਮ ਬਹੁਤ ਥੋੜਾ ਹੈ** (1 ਕੁਰਿੰਥੀਆਂ 3:1-3)

   ਅਤੇ ਉਹ ਇਹ ਨਹੀਂ ਜਾਣਦਾ ਕਿ ਜਦੋਂ **ਉਹ ਪਾਪ ਕਰਦਾ ਹੈ** ਤਾਂ ਇੱਕ ਦਰਵਾਜ਼ਾ ਖੋਲ੍ਹਦਾ ਹੈ ਅਤੇ **ਸ਼ਤਾਨ ਨੂੰ ਉਸ ਉੱਤੇ ਹਮਲਾ ਕਰਨ** ਦਾ ਮੌਕਾ ਦਿੰਦਾ ਹੈ ਜਿਸ ਕਰਕੇ ਉਸ ਨੂੰ ਵੱਡੀ ਪਰੇਸ਼ਾਨੀ ਅਤੇ ਦੁੱਖ ਝੱਲਣਾ ਪੈਂਦਾ ਹੈ। (ਯੂਹੰਨਾ 5:14) **ਪਰ ਉਸ ਦੀ ਸਦੀਪਕ ਮੁਕਤੀ ਹਾਲੇ ਵੀ ਉਸ ਕੋਲ ਹੈ**।

2. ਉਹ **ਚੁਣਿਆ ਹੋਇਆ ਨਹੀਂ** ਹੈ ਅਤੇ ਅਸਲ ਵਿੱਚ ਪਰਮੇਸ਼ਰ ਦੇ ਬੱਚਿਆਂ ਵਿੱਚੋਂ ਨਹੀਂ ਹੈ, ਜਿਸ ਕਰਕੇ ਉਸ ਦੇ ਮਨ ਵਿੱਚ **ਯਿਸੂ ਲਈ ਕੋਈ ਪਿਆਰ ਨਹੀਂ** ਹੈ ਅਤੇ ਇਸੇ ਕਰਕੇ ਪ੍ਰਭੂ ਨੂੰ ਪ੍ਰਸੰਨ ਕਰਨ ਵਾਲਾ ਜੀਵਨ ਜੀਉਣ ਦੀ **ਕੋਈ ਪ੍ਰੇਰਣਾ ਨਹੀਂ** ਹੈ।

ਯੂਹੰਨਾ 14:23-24 ਯਿਸੂ ਨੇ ਉਹ ਨੂੰ ਉੱਤਰ ਦਿੱਤਾ, **ਜੇ ਕੋਈ ਮੈਨੂੰ ਪਿਆਰ ਕਰਦਾ ਹੈ, ਉਹ ਮੇਰੇ ਬਚਨ ਦੀ ਪਾਲਨਾ ਕਰੇਗਾ**; ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹ ਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ।
24 **ਜਿਹੜਾ ਮੈਨੂੰ ਪਿਆਰ ਨਹੀਂ ਕਰਦਾ ਉਹ ਮੇਰੇ ਬਚਨਾਂ ਦੀ ਪਾਲਨਾ ਨਹੀਂ ਕਰਦਾ** ਅਤੇ ਇਹ ਬਚਨ ਜੋ ਤੁਸੀਂ ਸੁਣਦੇ ਹੋ ਮੇਰਾ ਨਹੀਂ ਸਗੋਂ ਪਿਤਾ ਦਾ ਹੈ ਜਿਨ ਮੈਨੂੰ ਘੱਲਿਆ।

ਮੱਤੀ 7:19-20 ਹਰੇਕ ਬਿਰਛ ਜਿਹੜਾ **ਚੰਗਾ ਫਲ ਨਹੀਂ ਦਿੰਦਾ** ਵੱਢਿਆ ਅਤੇ ਅੱਗ ਵਿੱਚ ਸੁੱਟਿਆ ਜਾਂਦਾ ਹੈ। **20** ਸੋ,
**ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ**।